Punjabi - Number 55a
February 2011

# ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ (CJD)
## Creutzfeldt-Jakob Disease (CJD)

### ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ (CJD) ਕੀ ਹੈ?

ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਇੱਕ ਬੜੀ ਅਸਾਧਾਰਨ ਦਿਮਾਗ਼ ਦੇ ਵਿਗਾੜ ਵਾਲੀ ਖ਼ਤਰਨਾਕ ਬਿਮਾਰੀ ਹੈ।

ਇਸ ਦੀਆਂ ਪਹਿਲੀਆਂ ਨਿਸ਼ਾਨੀਆਂ ਵਿੱਚ ਡੌਰ ਭੌਰ ਹੋਣਾ, ਉਦਾਸੀ, ਭੁਲਣਾ, ਸੌਣ ਵਿੱਚ ਮੁਸ਼ਕਲ, ਸੁਭਾਅ ਵਿੱਚ ਬਦਲਾਅ, ਨਜ਼ਰ ਦਾ ਖ਼ਰਾਬ ਹੋਣਾ, ਅਸਾਧਾਰਨ ਸਰੀਰਕ ਸਨਸਨੀ ਅਤੇ ਸਰੀਰਕ ਅੰਗਾ ਦੇ ਤਾਲ ਮੇਲ ਵਿੱਚ ਮੁਸ਼ਕਲ ਹੋਣੀ ਸ਼ਾਮਲ ਹਨ।

ਇੱਕ ਵਾਰ ਜੇ ਕਿਸੇ ਇਨਸਾਨ ਵਿੱਚ ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਦੇ ਲੱਛਣ ਨਜ਼ਰ ਆ ਜਾਣ ਤਾਂ 2 ਤੋਂ 12 ਮਹੀਨਿਆਂ ਵਿੱਚ ਇਹ ਬਹੁਤ ਜਲਦੀ ਵਧ ਜਾਂਦੇ ਹਨ।

ਜ਼ਿਆਦਾ ਗੰਭੀਰ ਲੱਛਣਾਂ ਵਿੱਚ ਸੰਤੁਲਨ ਵਿੱਚ ਤਕਲੀਫ਼, ਬੋਲਣ ਅਤੇ ਚਲਣ ਵਿੱਚ ਮੁਸ਼ਕਲ, ਨਿਮੋਨੀਏ ਦਾ ਜ਼ਿਆਦਾ ਖ਼ਤਰਾ, ਪਾਗਲਪੁਣਾ ਅਤੇ ਮੌਤ ਸ਼ਾਮਲ ਹਨ। ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਬੜੀ ਘੱਟ ਹੈ ਪਰ ਕੈਨੇਡਾ ਵਿੱਚ ਰਹਿਣ ਵਾਲੇ ਤਕਰੀਬਨ 30-40 ਵਿਅਕਤੀ ਇਸ ਬਿਮਾਰੀ ਨਾਲ ਹਰ ਸਾਲ ਮਰਦੇ ਹਨ। 1997 ਅਤੇ 2010 ਦੌਰਾਨ ਬੀ.ਸੀ. ਵਿੱਚ ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਦੇ 61 ਮਰੀਜ਼ਾਂ ਦੀ ਰਿਪੋਰਟ ਹੋਈ ਹੈ। ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਦੁਨੀਆਂ ਦੇ ਕਿਸੇ ਵੀ ਮੁਲਕ ਵਿੱਚ ਹੋ ਸਕਦੀ ਹੈ।

### ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਦੇ ਕੀ ਕਾਰਨ ਹਨ?

ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਪ੍ਰੀਓਨ (prion) - ਸੈੱਲ ਦੀ ਸਤਹਿ ਤੇ ਪਾਈ ਜਾਣ ਵਾਲੀ ਇੱਕ ਅਸਾਧਾਰਨ ਪ੍ਰੋਟੀਨ - ਕਰਕੇ ਹੁੰਦੀ ਹੈ। ਅਸਾਧਾਰਨ ਪ੍ਰੀਓਨ ਪ੍ਰੋਟੀਨ ਦਿਮਾਗ ਦੇ ਸੈੱਲਾਂ ਦੀ ਪ੍ਰੋਟੀਨ ਨਾਲ ਚਿਪਕ ਕੇ ਉਨ੍ਹਾਂ ਦੇ ਅਕਾਰ ਨੂੰ ਵਿਗਾੜ ਦਿੰਦੀ ਹੈ। ਉਹ ਫਿਰ ਦਿਮਾਗ ਤੇ ਹਮਲਾ ਕਰ ਕੇ, ਸੈੱਲਾਂ ਨੂੰ ਮਾਰ ਕੇ ਤੰਤੂਆਂ ਵਿਚਕਾਰ ਵਿੱਥ ਜਾਂ ਸਪੰਜ ਜਿਹੇ ਪੇਚ ਪੈਦਾ ਕਰਦੇ ਹਨ। ਜੇ ਇੱਕ ਵਾਰ ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਦੇ ਅਸਾਧਾਰਨ ਪ੍ਰੀਓਨ ਵਿਅਕਤੀ ਵਿੱਚ ਦਿਖਾਈ ਦੇ ਜਾਣ ਤਾਂ ਲੱਛਣ ਪਰਗਟ ਹੋਣ ਵਿੱਚ 30 ਸਾਲ ਤੱਕ ਲੱਗ ਸਕਦੇ ਹਨ।

### ਕਿਸੇ ਵਿਅਕਤੀ ਨੂੰ ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਕਿਵੇਂ ਹੁੰਦੀ ਹੈ?

85 ਤੋਂ 90% ਤੱਕ ਮਾਮਲੇ ਇੱਕ ਦੱਮ ਹੀ ਹੁੰਦੇ ਹਨ। 10-15% ਮਾਮਲੇ ਪਰਵਾਰਾਂ ਵਿੱਚ ਹੀ ਚਲਦੇ ਹਨ। ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ 1% ਤੋਂ ਵੀ ਘੱਟ ਵਾਰ ਕਿਸੇ ਵਿਅਕਤੀ ਨੂੰ ਅੱਖਾਂ, ਦਿਮਾਗ ਜਾਂ ਰੀੜ ਦੇ ਉਪ੍ਰੇਸ਼ਨ ਕਰਨ ਵਾਲੇ ਔਜ਼ਾਰਾਂ ਜਾਂ ਟ੍ਰਾਂਸਪਲਾਂਟ ਕੀਤੇ ਤੰਤੂਆਂ ਕਾਰਨ ਹੁੰਦੀ ਹੈ। ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਛੂਤ ਦੀ ਬਿਮਾਰੀ ਨਹੀਂ।

### ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਦਾ ਟੈੱਸਟ ਕਿਵੇਂ ਹੁੰਦਾ ਹੈ?

ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਦੇ ਟੈੱਸਟ ਰੀੜ ਦੁਆਲੇ ਤਰਲ ਤੇ ਕੀਤੇ ਜਾਂਦੇ ਹਨ ਪਰ ਇਹ ਹਮੇਸ਼ਾਂ ਠੀਕ ਨਹੀਂ ਹੁੰਦੇ। ਜਾਂਚ ਪੜਤਾਲ ਨਿਉਰਾਲੋਜਿਸਟ (ਦਿਮਾਗ ਦਾ ਡਾਕਟਰ) ਦੁਆਰਾ ਸੀ.ਟੀ. ਸਕੈਨ ਅਤੇ ਐੱਮ.ਆਰ.ਆਈ. ਵਿਚੋਂ ਦਿਮਾਗ ਦੀ ਸ਼ਕਲ ਅਤੇ ਲੱਛਣਾਂ ਨੂੰ ਦੇਖ ਕੇ ਕੀਤੀ ਜਾਂਦੀ ਹੈ। ਤੰਤੂਆਂ ਵਿਚਕਾਰ ਵਿੱਥ ਜਾਂ ਸਪੰਜ ਵਰਗੀ ਜਗ੍ਹਾ ਨੂੰ ਪਹਿਚਾਣਨਾ ਔਖਾ ਹੁੰਦਾ ਹੈ ਕਿਉਂਕਿ ਉਹ ਬਿਮਾਰੀ ਦੀ ਆਖਰੀ ਮੰਨਜ਼ਲ ਤੇ ਹੀ ਨਜ਼ਰ ਆਉਂਦੇ ਹਨ। ਆਖਰੀ ਜਾਂਚ ਪੜਤਾਲ ਦਿਮਾਗ ਦੇ ਸੈੱਲਾਂ ਨੂੰ ਮਾਈਕ੍ਰੋਸਕੋਪ ਥੱਲੇ ਵੇਖ ਕੇ ਮੌਤ ਤੋਂ ਬਾਅਦ ਹੁੰਦੀ ਹੈ।

### ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਦਾ ਇਲਾਜ ਕਿਵੇਂ ਹੁੰਦਾ ਹੈ?

ਇਸ ਵਕਤ ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਨੂੰ ਠੀਕ ਕਰਨ ਦਾ ਕੋਈ ਇਲਾਜ ਨਹੀਂ। ਸਰੀਰਕ ਅਤੇ ਕਾਰੋਬਾਰੀ ਥੈਰਪੀ ਨਾਲ ਇਲਾਜ ਕੀਤਾ ਜਾਂਦਾ ਹੈ। ਕ੍ਰਿਉਟਜ਼ਫ਼ੈਲਡ-ਜੈਕਬ ਬਿਮਾਰੀ ਵਾਲਾ ਵਿਅਕਤੀ ਅੰਤ ਵਿੱਚ ਬਿਸਤਰੇ ਜੋਗਾ ਹੀ ਰਹਿ ਜਾਂਦਾ ਹੈ ਅਤੇ ਟਿਊਬ ਨਾਲ ਹੀ ਖਾਣਾ ਖੁਆਉਣਾ ਪੈਂਦਾ ਹੈ।

## ਕੀ ਕ੍ਰਿਉਟਜ਼ਫ਼ੈਲਡ–ਜੈਕਬ ਬਿਮਾਰੀ (CJD) ਦਾ ਵੈਰੀਐਂਟ ਕ੍ਰਿਉਟਜ਼ਫ਼ੈਲਡ–ਜੈਕਬ ਬਿਮਾਰੀ (vCJD) ਨਾਲ ਸਬੰਧ ਹੈ?

CJD ਅਤੇ vCJD ਦੋਵੇਂ ਵੱਖ ਵੱਖ ਬਿਮਾਰੀਆਂ ਹਨ। ਇਹ ਅਸਾਧਾਰਨ ਪ੍ਰੀਓਨਜ਼ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਗਰੁੱਪ ਦਾ ਹਿੱਸਾ ਹਨ। ਇਨ੍ਹਾਂ ਦੇ ਲੱਛਣ ਇੱਕੋ ਜਿਹੇ ਹਨ ਜਦਕਿ vCJD ਆਮ ਤੌਰ ਤੇ 30 ਸਾਲ ਦੀ ਉਮਰ ਤੋਂ ਪਹਿਲਾਂ ਹੁੰਦੀ ਹੈ। vCJD ਨੂੰ ਕਈ ਵਾਰ ਇਨਸਾਨੀ ਪਾਗਲ ਗਾਂ ਦੀ ਬਿਮਾਰੀ (human mad cow disease) ਜਾਂ ਹਿਊਮੈਨ ਬੋਵਾਈਨ ਸਪੋਨਜੀਫ਼ਾਰਮ ਐਨਸੈਫ਼ਲੋਪੈਥੀ (human bovine spongiform encephalopathy) (BSE) ਕਹਿੰਦੇ ਹਨ। ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਇਹ ਬਿਮਾਰੀ ਇਨਸਾਨਾਂ ਵਿੱਚ ਬੀ.ਐੱਸ ਸੀ. ਪ੍ਰੀਓਨਜ਼ (BSE prions) ਨਾਲ ਦੂਸ਼ਿਤ ਗਾਂ ਦਾ ਮੀਟ ਖਾਣ ਨਾਲ ਆਉਂਦੀ ਹੈ।

vCJD ਬਾਰੇ ਹੋਰ ਜਾਣਕਾਰੀ ਲਈ HealthLink BC File (ਹੈੱਲਥਲਿੰਕ ਬੀ.ਸੀ. ਫ਼ਾਈਲ) #55b Variant Creutzfeldt-Jakob Disease(vCJD) ਦੇਖੋ। ਕੈਨੇਡੀਅਨ ਐਲ਼ਜ਼ੀਹਮੇਰ ਸੋਸਾਇਟੀ ਦੀ ਵੈੱਬਸਾਈਟ www.alzheimer.ca/en/About-dementia/Dementias/Creutzfeld-Jakob-Disease ਤੇ ਐਲਜ਼ੀਹਮੇਰ ਬਿਮਾਰੀ ਨਾਲ ਸਬੰਧਤ ਪਾਗਲਪਣ (CJD) ਦਾ ਵੈੱਬਪੇਜ ਦੇਖੋ।

BC Centre for Disease Control
AN AGENCY OF THE PROVINCIAL HEALTH SERVICES AUTHORITY

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stmਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ–ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca’ਤੇ ਕਲਿੱਕ ਕਰੋ ਜਾਂ **8-1-1** ’ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ 7-1-1 ’ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ ’ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।